ਮਿਤੀ : 2 ਜੂਨ, 2018

ਵਾਪਸੀ ਮਿਤੀ: 17 ਜੁਲਾਈ, 2018

# ਪੰਜਾਬੀ – ਦੂਜੀ ਭਾਸ਼ਾ

## ਅਭਿਆਸ ਦਾ ਪ੍ਰਸ਼ਨ-ਪੱਤਰ

ਜਮਾਤ : ਪੰਜਵੀਂ

ਸੈਕਸ਼ਨ : ਏ ਤੋਂ ਐੱਮ

ਕੁੱਲ ਅੰਕ : 40

ਪਾਠਕ੍ਰਮ : ਕਵਿਤਾ – ਸਾਡੀ ਮਾਂ ਬੋਲੀ, (ਪਾਠ) ਇਕਾਗਰਤਾ ਦੀ ਲੋੜ, ਲਿੰਗ ਬਦਲੋ ਅਤੇ 'ਗ' ਤੇ 'ਘ' ਦਾ ਅੰਤਰ

1) ਹੇਠਾਂ ਦਿੱਤੇ ਸ਼ਬਦਾਂ ਦੇ ਅਰਥ ਲਿਖੋ : (4)

ੳ) ਰੱਟਾ ਅ) ਯੁੱਗ ੲ) ਵਿਸਾਰ ਸ) ਨਰੋਆ

ਹ) ਤੂਤੀ ਕ) ਝਿਜਕਦੇ ਖ) ਇਕਾਗਰ ਗ) ਕਿੱਸਿਆਂ

2) ਹੇਠਾਂ ਦਿੱਤੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ : (4)

ੳ) ਰੰਹਿਦਾ ਅ) ਪੜ੍ਹਧਾ ੲ) ਤਨਦਰੁਸਤ ਸ) ਚਾਹਿਦਾ

ਹ) ਸੋਹਣੀ ਕ) ਪਟਰਾਨੀ ਖ) ਗਿੱਦਿਆਂ ਗ) ਸੇਹਤ

3) ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ : (3)

ੳ) ਵਿਦਿਆਰਥੀ ਅ) ਭਾਸ਼ਾ ੲ) ਵਿਦੇਸ਼ੀ

4) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸਤਰਾਂ ਵਿੱਚ ਲਿਖੋ : **(1×10=10)**

1) ਪੰਜਾਬੀ ਬੋਲੀ ਕਿਸ ਦੇ ਰਾਹੀਂ ਹਾਣੀਆਂ ਦੇ ਦਿਲਾਂ ਵਿੱਚ ਵੱਸਦੀ ਹੈ?

2) ਨਵੀਂ ਨਵੇਲੀ ਨਾਰ ਵਾਂਗੂ ਕਿਹੜੀ ਬੋਲੀ ਫੱਬਦੀ ਸੀ?

3) ਢਿੱਲੜ ਬੱਚੇ ਆਪਣੇ ਬਾਰੇ ਕੀ ਸੋਚਦੇ ਹਨ?

4) ਤੰਦਰੁਸਤ ਰਹਿਣ ਲਈ ਸਾਨੂੰ ਕੀ-ਕੀ ਕਰਨਾ ਚਾਹੀਦਾ ਹੈ?

5) ਸਾਨੂੰ ਆਪਣੇ ਦਿਮਾਗ ਵਿੱਚ ਕਿਹੜੀ ਗੱਲ ਨਹੀਂ ਬਿਠਾਉਣੀ ਚਾਹੀਦੀ?

6) ਅਸੀਂ ਮਾਂ-ਬੋਲੀ ਦਾ ਨਿੱਘ ਕਿਸ ਦੀ ਗੋਦ ਵਿੱਚ ਬੈਠ ਕੇ ਮਾਣਦੇ ਹਾਂ?

7) ਕਿੱਸਿਆਂ ਤੇ ਕਵਿਤਾਵਾਂ ਦੀ ਪਟਰਾਣੀ ਕਿਸ ਭਾਸ਼ਾ ਨੂੰ ਕਿਹਾ ਗਿਆ ਹੈ?

8) ਪੰਜਾਬੀ ਲੋਕ ਕਿਹੜੀਆਂ ਬੋਲੀਆਂ ਦਾ ਘੋਟਾ ਲਾਈ ਜਾਂਦੇ ਹਨ?

9) ਇੱਕ ਨਰੋਆ ਦਿਮਾਗ ਕਿੱਥੇ ਵੱਸਦਾ ਹੈ?

10) ਕਿਹੜੇ ਬੱਚੇ ਆਪਣੀ ਸ਼ਕਤੀ ਅਜਾਈਂ ਨਸ਼ਟ ਕਰਦੇ ਹਨ?

5) ਵੱਡੇ ਪ੍ਰਸ਼ਨਾਂ ਦੇ ਉੱਤਰ ਦੋ - ਤਿੰਨ ਸਤਰਾਂ ਵਿੱਚ ਲਿਖੋ : (2×4=8)

1) ਸਾਨੂੰ ਮਾਂ - ਬੋਲੀ ਨੂੰ ਉੱਚਾ ਚੁੱਕਣ ਲਈ ਕੀ-ਕੀ ਕਰਨਾ ਚਾਹੀਦਾ ਹੈ?

2) ਖੇਡਾਂ ਦੇ ਕੀ-ਕੀ ਲਾਭ ਹਨ?

3) ਜਮਾਤ ਵਿੱਚ ਬੱਚਿਆਂ ਨੂੰ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

4) ਮਾਤ-ਭਾਸ਼ਾ ਡੁੱਬਦੀ ਤੇ ਢਹਿੰਦੀ ਕਿਉਂ ਜਾ ਰਹੀ ਹੈ?

6) ਕਦਰਾਂ ਕੀਮਤਾਂ 'ਤੇ ਅਧਾਰਤ ਪ੍ਰਸ਼ਨ : (2×2=4)

1) ਇੱਕ ਨਰੋਆ ਦਿਮਾਗ ਤੰਦਰੁਸਤ ਸਰੀਰ ਵਿੱਚ ਵੱਸਦਾ ਹੈ? ਇਸ ਬਾਰੇ ਆਪਣੇ ਵਿਚਾਰ ਲਿਖੋ।

2) ''ਹਰੇਕ ਕੰਮ ਵਿੱਚ ਇਕਾਗਰ ਹੋਣ ਦੀ ਲੋੜ ਹੁੰਦੀ ਹੈ।'' ਸਾਨੂੰ ਇਕਾਗਰ ਹੋਣ ਲਈ ਕੀ-ਕੀ ਕਰਨਾ ਚਾਹੀਦਾ ਹੈ?

7) 'ਗ' ਅਤੇ 'ਘ' ਦਾ ਅੰਤਰ : (4)

1) ਮੈਂ ........................ ਵਿੱਚ ਤਰ੍ਹਾਂ-ਤਰ੍ਹਾਂ ਦੇ ਫੁੱਲ ਵੇਖੇ। (ਬਾਗ਼, ਬਾਘ)

2) ਹਰਦੇਵ ਮੇਰਾ ........................ ਹੈ। (ਸੰਘੀ, ਸੰਗੀ)

3) ਨਰੇਸ਼ ਕੋਲ ........................ ਘੋੜੀ ਹੈ। (ਬੱਘੀ, ਬੱਗੀ)

4) ਤੈਨੂੰ ਚੋਰੀ ਕਰਦਿਆਂ ........................ ਨਾ ਆਈ। (ਸੰਗ, ਸੰਘ)

8) ਹੇਠ ਲਿਖੇ ਵਾਕਾਂ ਵਿਚਲੇ ਸ਼ਬਦਾਂ ਦੇ ਲਿੰਗ ਬਦਲ ਕੇ ਵਾਕ ਦੁਬਾਰਾ ਲਿਖੋ: (3)

1) ਘੁਮਿਆਰ ਗਮਲੇ ਬਣਾਉਂਦਾ ਹੈ।

2) ਬਟੇਰੀ ਦਰੱਖਤ 'ਤੇ ਬੈਠੀ ਹੈ।

3) ਨੌਕਰ ਸਬਜ਼ੀ ਖਰੀਦ ਰਿਹਾ ਹੈ।